# THE PUNJAB STATE BOARD OF TECHNICAL EDUCATION AND INDUSTRIAL TRAINING

PLOT NO. 1-A, SEC. 36-A, CHANDIGARH PH. : 615385, 622584-85 FAX : 660734


ਨੰ:ਪੀ.ਐਸ.ਬੀ./ਆਈ.ਟੀ/2016/2387 ਅਤਿ ਜ਼ਰੂਰੀ/ਸਮਾਂਬੱਧ ਮਿਤੀ: 9.8.16

ਸੇਵਾ ਵਿਖੇ

ਪ੍ਰਿੰਸੀਪਲ/ਮੁੱਖ ਅਧਿਆਪਕ,
ਸਮੂਹ ਸਰਕਾਰੀ ਆਈ.ਟੀ.ਆਈ./ਆਈ.ਟੀ.ਸੀ./ (ਇ:)
ਸੈਂਟਰ ਆਫ ਐਕਸੀਲੈਂਸ ਸਕੀਮ ਅਧੀਨ,
ਪੰਜਾਬ ਰਾਜ ਅਧੀਨ।

ਵਿਸ਼ਾ: ਆਈ.ਟੀ.ਆਈ. ਸੰਸਥਾਵਾਂ ਵਿਖੇ ਅਗਸਤ, 2016 ਦੋਰਾਨ ਸੈਂਟਰ ਆਫ Excellence (COE)/Advance Module ਦੀ ਪ੍ਰੀਖਿਆ ਵਿੱਚ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਦੇ ਏ.ਪੀ.ਐਫ ਅਤੇ ਪ੍ਰੀਖਿਆ ਫੀਸ ਲੈਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਡੀ.ਜੀ ਅਤੇ ਟੀ, ਨਵੀਂ ਦਿੱਲੀ ਵੱਲੋਂ ਜਾਰੀ ਕੀਤੀ ਗਈ ਡੇਟਸ਼ੀਟ ਅਨੁਸਾਰ ਸੈਂਟਰ ਆਫ Excellence (COE)/Advance Module ਦੀ ਪ੍ਰੀਖਿਆ ਮਿਤੀ 22 ਅਗਸਤ , 2016 ਤੋਂ ਸ਼ੁਰੂ ਹੋ ਰਹੀ ਹੈ।

ਇਸ ਸਬੰਧ Centre of Excellence(COE)/Advance Module ਪ੍ਰੀਖਿਆ ਵਿੱਚ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਦੀ ਏ.ਪੀ.ਐਫ. ਡੀਟੇਲ ਐਕਸਲ ਫਾਇਲ ਵਿੱਚ ਬਣਾ ਕੇ ਬੋਰਡ ਦੀ ਵੈਬਸਾਇਟ ਤੇ ਅਪਲੋਡ ਕਰ ਦਿੱਤੀ ਗਈ ਹੈ ਅਤੇ ਨਾਲ ਹੀ ਉਪਰੋਕਤ ਦਰਸਾਈ ਸਕੀਮ ਦੀ ਫੀਸ ਦਾ Summary performa ਅਤੇ ਬੈਂਕ/ਫੀਸ ਸਲਿੱਪ ਵੀ ਬੋਰਡ ਦੀ ਵੈਬਸਾਇਟ ਤੇ ਅਪਲੋਡ ਕਰ ਦਿੱਤੀ ਗਈ ਹੈ। ਆਈ.ਟੀ.ਆਈ ਸੰਸਥਾਵਾਂ ਵੱਲੋਂ ਆਪਣੀ ਸੰਸਥਾ ਨਾਲ ਸਬੰਧਤ Excel ਫਾਇਲਾਂ ਡਾਓਨਲੋਡ ਕਰਕੇ ਇਹਨਾਂ ਫਾਇਲਾਂ ਉੱਤੇ ਅਪੀਅਰ ਹੋਣ ਵਾਲੇ ਯੋਗ (ਜੋ ਪ੍ਰੀਖਿਆ ਵਿੱਚ ਬੈਠਣ ਲਈ ਡੀ.ਜੀ.ਟੀ, ਨਵੀਂ ਦਿੱਲੀ, ਡੀ.ਟੀ.ਈ ਅਤੇ ਆਈ.ਟੀ ਪੰਜਾਬ ਅਤੇ ਬੋਰਡ ਵੱਲੋਂ ਸਮੇਂ ਸਮੇਂ ਤੇ ਜਾਰੀ ਪ੍ਰੀਖਿਆ ਨਿਯਮਾਂ/ਹਦਾਇਤਾਂ ਸ਼ਰਤਾਂ ਪੂਰੀਆਂ ਕਰਦਾ ਹੋਵੇ) ਸਿਖਿਆਰਥੀਆਂ ਨੂੰ ਟਿੱਕ ਕੀਤਾ ਜਾਵੇ। ਇਸ ਤੋਂ ਬਾਅਦ ਸੰਸਥਾਵਾਂ ਵੱਲੋਂ ਉਪਰੋਕਤ ਟਿੱਕ ਕੀਤੇ ਵਿਦਿਆਰਥੀਆਂ ਦੀ ਫੀਸ ਇੱਕਠੀ ਕਰਕੇ ਅਤੇ ਫੀਸ ਸਲਿੱਪ ਵਿੱਚ ਭਰ ਕੇ ਆਪਣੀ ਨਜ਼ਦੀਕੀ ਬੈਂਕ ਬ੍ਰਾਂਚ (ਸੰਸਥਾ ਪ੍ਰੀਖਿਆ ਫੀਸ Punjab National Bank, Central Bank of India, ICICI bank ਦੀ ਕਿਸੇ ਵੀ ਬ੍ਰਾਂਚ ਵਿੱਚ ਜਮ੍ਹਾਂ ਕਰਵਾ ਸਕਦੀ ਹੈ) ਵਿੱਚ ਹੇਠ ਦਰਸਾਏ ਸ਼ਡਿਊਲ ਅਨੁਸਾਰ ਜਮਾਂ ਕਰਵਾਈ ਜਾਵੇ ਅਤੇ ਬੈਂਕ ਤੋਂ ਫੀਸ ਜਮ੍ਹਾਂ ਕਰਵਾਉਣ ਦੀ ਰਸੀਦ ਪ੍ਰਾਪਤ ਕਰ ਲਈ ਜਾਵੇ। ਇਸ ਉਪਰੰਤ ਜਮਾਂ ਕਰਵਾਈ ਗਈ ਫੀਸ ਦੀ ਰਸੀਦ ਦੀ ਕਾਪੀ ਅਤੇ ਫੀਸ ਸਮੱਗੀ ਪ੍ਰਫਾਰਮੇ ਦੀ ਕਾਪੀ ਪ੍ਰਿੰਸੀਪਲ ਵੱਲੋਂ ਤਸਦੀਕ ਕਰਕੇ ਅਤੇ ਸਕੈਨ ਕਰਕੇ ਮੁਕੰਮਲ ਐਕਸਲ ਫਾਇਲ ਸਮੇਤ ਬੋਰਡ ਦਫਤਰ ਨੂੰ ਈ-ਮੇਲ ਐਡਰੇਸ: contitipb@gmail.com ਅਤੇ cfa1919@gmail.com ਤੇ ਮਿਤੀ: 12 ਅਗਸਤ 2016 ਤੱਕ ਭੇਜੀ ਜਾਣੀ ਯਕੀਨੀ ਬਣਾਈ ਜਾਵੇ:

| ਬੈਂਕ ਵਿੱਚ ਪ੍ਰੀਖਿਆ ਫੀਸ ਜਮਾਂ ਕਰਵਾਉਣ ਦੀ ਨਿਰਧਾਰਿਤ ਮਿਤੀ | ਮੁਕੰਮਲ ਐਕਸਲ ਫਾਇਲ, ਤਸਦੀਕਸ਼ੁਦਾ ਸਮੱਗੀ ਪ੍ਰਫਾਰਮਾ ਅਤੇ ਬੈਂਕ ਸਲਿੱਪ ਈ-ਮੇਲ ਆਈ.ਡੀ (contitipb@gmail.com ਅਤੇ cfa1919@gmail.com) ਤੇ ਭੇਜਣ ਦੀ ਆਖਿਰੀ ਮਿਤੀ | ਲੇਟ ਫੀਸ |
|---|---|---|
| 10/08/2016 ਤੋਂ 11/08/2016 ਤੱਕ (ਪ੍ਰੀਖਿਆ ਫੀਸ : 450/- ਰੁਪਏ ਪ੍ਰਤੀ ਵਿਦਿਆਰਥੀ) | 12/08/2016 | ਨਿਰਧਾਰਿਤ ਫੀਸ + 1000/- ਰੁਪਏ ਪ੍ਰਤੀ ਸਿਖਿਆਰਥੀ (ਮਿਤੀ:- 16/08/2016 ਤੱਕ) |

**ਨੋਟ: ਮੁਕੰਮਲ ਐਕਸੇਲ ਸ਼ੀਟ, ਸਮੱਗੀ ਸਲਿਪ ਅਤੇ ਫੀਸ ਰਸੀਦ ਹਰ ਹਾਲਤ ਵਿੱਚ ਮਿਤੀ 12-8-2016 ਤੱਕ ਈ-ਮੇਲ (contitipb@gmail.com ਅਤੇ cfa1919@gmail.com ) ਰਾਹੀਂ ਬੋਰਡ ਦਫਤਰ ਵਿਖੇ ਭੇਜੀ ਜਾਵੇ। ਇਸ ਮਿਤੀ ਤੋਂ ਲੇਟ ਭੇਜਣ ਦੀ ਸੂਰਤ ਵਿੱਚ ਲੇਟ ਫੀਸ ਚਾਰਜ ਕੀਤੀ ਜਾਵੇਗੀ।**

ਪ੍ਰੈਕਟੀਕਲ ਫੀਸ 50/-ਰੁਪਏ ਪ੍ਰਤੀ ਸਿਖਿਆਰਥੀ ਸੰਸਥਾ ਵਲੋਂ ਆਪਣੇ ਪੱਧਰ ਤੇ ਲਈ ਜਾਵੇਗੀ। ਇਹ ਰਕਮ ਸੰਸਥਾ ਵਲੋਂ ਪ੍ਰੈਕਟੀਕਲ ਪ੍ਰੀਖਿਆ ਕਰਵਾਉਣ ਲਈ ਰਾਅ ਮਟੀਰੀਅਲ ਆਦਿ ਖਰੀਦਣ ਲਈ ਵਰਤੀ ਜਾਵੇਗੀ।

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ)
ਵਾਸਤੇ ਸਕੱਤਰ
ਪੰਜਾਬ ਰਾਜ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਬੋਰਡ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਰਿਕਾਰਡ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ/ਸਕੱਤਰ
2. ਸੀਸਟਮ ਐਡਮੀਨੀਸਟਰੇਟਰ
3. ਐਡਮਿਨ ਸ਼ਾਖਾ
4. ਵਿੱਤ ਅਤੇ ਲੇਖਾ ਸ਼ਾਖਾ

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ)
ਵਾਸਤੇ ਸਕੱਤਰ
ਪੰਜਾਬ ਰਾਜ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਬੋਰਡ